International Journal of Applied Research 2017; 3(11): 392-397




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(11): 392-397
www.allresearchjournal.com
Received: 16-09-2017
Accepted: 19-10-2017

**ਡਾ. ਜਗਦੀਪ ਸਿੰਘ**
ਸਹਾਇਕ ਪ੍ਰੋਫ਼ੈਸਰ, ਇਤਿਹਾਸ
ਯੂਨੀਵਰਸਿਟੀ ਕਾਲਜ,
ਮੀਰਾਂਪੁਰ, ਪਟਿਆਲਾ -147001,
ਪੰਜਾਬ

Correspondence
**ਡਾ. ਜਗਦੀਪ ਸਿੰਘ**
ਸਹਾਇਕ ਪ੍ਰੋਫ਼ੈਸਰ, ਇਤਿਹਾਸ
ਯੂਨੀਵਰਸਿਟੀ ਕਾਲਜ,
ਮੀਰਾਂਪੁਰ, ਪਟਿਆਲਾ -147001,
ਪੰਜਾਬ

# ਗਦਰ ਲਹਿਰ ਦਾ ਜਨਮ ਅਤੇ ਵਿਕਾਸ

## ਡਾ. ਜਗਦੀਪ ਸਿੰਘ

**ਸਮਰੀ:**
ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀਆਂ ਖਾਸ ਕਰਕੇ ਜੱਟ ਸਿੱਖਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਬਣਨਾ ਸ਼ੁਰੂ ਹੋ ਗਿਆ ਸੀ। ਇਹ ਰੁਝਾਨ ਵਿਸੇਸ਼ ਤੌਰ ਤੇ ਅਮਰੀਕਾ ਤੇ ਕੈਨੇਡਾ ਵੱਲ ਹੋ ਰਿਹਾ ਸੀ। ਕਿਉਕਿ ਦੱਖਣ-ਪੂਰਬੀ ਏਸ਼ੀਆ ਦੇ ਮੁਲਕਾਂ ਅਤੇ ਟਾਪੂਆਂ ਵਿਚ ਕੰਮ ਕਰਦੇ ਭਾਰਤੀਆਂ ਤੇ ਪੰਜਾਬੀਆ ਨੂੰ ਸਮੁੰਦਰੀ ਰਸਤੇ ਆਉਣ ਵਾਲੇ ਮੁਸਾਫਿਰਾਂ ਅਤੇ ਮਲਾਹਾ ਤੋਂ ਇਸ ਗੱਲ ਦੀ ਜਾਣਕਾਰੀ ਮਿਲ ਰਹੀ ਸੀ ਕਿ ਅਮਰੀਕਾ ਤੇ ਕੇਨੈਡਾ ਵਿੱਚ ਮਜਦੂਰਾਂ ਦੀ ਭਾਰੀ ਲੋੜ ਹੈ ਅਤੇ ਮਜਦੂਰੀ ਦੀਆਂ ਦਰਾਂ ਵੀ ਕਨੇਡਾ ਅਤੇ ਅਮਰੀਕਾ ਵਿੱਚ ਦੱਖਣ-ਪੂਰਬੀ ਏਸੀਆਂ ਮੁਲਕਾ ਨਾਲੋ ਲਗਭਗ 10 ਗੁਣਾ ਵਧੇਰੇ ਮਿਲਦੀ ਹੈ। ਸੋ ਉਪਰੋਕਤ ਕਾਰਨ ਕਰਕੇ ਦੱਖਣ ਪੂਰਬ ਏਸੀਆਂ ਟਾਪੂਆ ਵਿਚ ਕਮਾਈ ਕਰਨ ਲਈ ਗਏ ਹੋਏ ਬਹੁਤ ਸਾਰੇ ਭਾਰਤੀ ਲੋਕ ਇਥੋ ਆਪਣਾ ਕੰਮ-ਕਾਜ ਛੱਡ ਕੇ ਅਮਰੀਕਾ ਤੇ ਕੈਨੇਡਾ ਅਤੇ ਆਸਟਰੇਲੀਆਂ ਵੱਲ ਨੂੰ ਜਾਣਾ ਸੁਰੂ ਹੋ ਗਏ।ਇਹਨਾਂ ਵਿੱਚ ਅਜਿਹੀ ਕਾਫੀ ਸੰਖਿਆ ਵਿੱਚ ਭਾਰਤੀ ਸਨ ਜੋ ਇਹਨਾਂ ਦੇਸ਼ਾਂ ਵਿੱਚ ਫੌਜ਼ ਵਿੱਚ ਵੀ ਨੋਕਰੀ ਕਰ ਰਹੇ ਸਨ।ਬਾਅਦ ਵਿਚ ਇਹਨਾਂ ਭਾਰਤੀਆਂ ਨੇ ਆਪਣੇ ਪਰਿਵਾਰਕ ਮੈਬਰਾਂ ਅਤੇ ਰਿਸ਼ਤੇਦਾਰਾ ਨੂੰ ਵੀ ਇੱਥੇ ਬੁਲਾਉਣਾ ਸੁਰੂ ਕਰ ਦਿੱਤਾ।

**Keywords:** ਦੱਖਣ ਪੂਰਬ, ਏਸੀਆਂ, ਗਦਰ, ਟਾਪੂਆਂ, ਸਿੱਖਾਂ

ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀਆਂ ਖਾਸ ਕਰਕੇ ਜੱਟ ਸਿੱਖਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਬਣਨਾ ਸ਼ੁਰੂ ਹੋ ਗਿਆ ਸੀ। ਇਹ ਰੁਝਾਨ ਵਿਸੇਸ਼ ਤੌਰ ਤੇ ਅਮਰੀਕਾ ਤੇ ਕੈਨੇਡਾ ਵੱਲ ਹੋ ਰਿਹਾ ਸੀ। ਕਿਉਕਿ ਦੱਖਣ-ਪੂਰਬੀ ਏਸ਼ੀਆ ਦੇ ਮੁਲਕਾਂ ਅਤੇ ਟਾਪੂਆਂ ਵਿਚ ਕੰਮ ਕਰਦੇ ਭਾਰਤੀਆਂੇਪੰਜਾਬੀਆ ਨੂੰ ਸਮੁੰਦਰੀ ਰਸਤੇ ਆਉਣ ਵਾਲੇ ਮੁਸਾਫਿਰਾਂ ਅਤੇ ਮਲਾਹਾ ਤੋਂ ਇਸ ਗੱਲ ਦੀ ਜਾਣਕਾਰੀ ਮਿਲ ਰਹੀ ਸੀ ਕਿ ਅਮਰੀਕਾ ਤੇ ਕੇਨੈਡਾ ਵਿੱਚ ਮਜਦੂਰਾਂ ਦੀ ਭਾਰੀ ਲੋੜ ਹੈ ਅਤੇ ਮਜਦੂਰੀ ਦੀਆਂ ਦਰਾਂ ਵੀ ਕਨੇਡਾ ਅਤੇ ਅਮਰੀਕਾ ਵਿੱਚ ਦੱਖਣ-ਪੂਰਬੀ ਏਸੀਆਂ ਮੁਲਕਾ ਨਾਲੋ ਲਗਭਗ 10 ਗੁਣਾ ਵਧੇਰੇ ਮਿਲਦੀ ਹੈ1 ਸੋ ਉਪਰੋਕਤ ਕਾਰਨ ਕਰਕੇ ਦੱਖਣ ਪੂਰਬ ਏਸੀਆਂ ਟਾਪੂਆ ਵਿਚ ਕਮਾਈ ਕਰਨ ਲਈ ਗਏ ਹੋਏ ਬਹੁਤ ਸਾਰੇ ਭਾਰਤੀ ਲੋਕ ਇਥੋ ਆਪਣਾ ਕੰਮ-ਕਾਜ ਛੱਡ ਕੇ ਅਮਰੀਕਾ ਤੇ ਕੈਨੇਡਾ ਅਤੇ ਆਸਟਰੇਲੀਆਂ ਵੱਲ ਨੂੰ ਜਾਣਾ ਸੁਰੂ ਹੋ ਗਏ।ਇਹਨਾਂ ਵਿੱਚ ਅਜਿਹੀ ਕਾਫੀ ਸੰਖਿਆ ਵਿੱਚ ਭਾਰਤੀ ਸਨ ਜੋ ਇਹਨਾਂ ਦੇਸ਼ਾਂ ਵਿੱਚ ਫੌਜ਼ ਵਿੱਚ ਵੀ ਨੋਕਰੀ ਕਰ ਰਹੇ ਸਨ।2 ਬਾਅਦ ਵਿਚ ਇਹਨਾਂ ਭਾਰਤੀਆਂ ਨੇ ਆਪਣੇ ਪਰਿਵਾਰਕ ਮੈਬਰਾਂ ਅਤੇ ਰਿਸ਼ਤੇਦਾਰਾ ਨੂੰ ਵੀ ਇੱਥੇ ਬੁਲਾਉਣਾ ਸੁਰੂ ਕਰ ਦਿੱਤਾ।

1903 ਤੱਕ ਅਮਰੀਕਾ ਅਤੇ ਕਨੇਡਾ ਵਿਚ ਜਾਣ ਵਾਲੇ ਭਾਰਤੀਆਂ ਅਤੇ ਪੰਜਾਬੀਆਂ ਦੀ ਗਿਣਤੀ ਭਾਵੇ ਘੱਟ ਸੀ ਪਰ 1906 ਤੋ ਬਾਅਦ ਇਹ ਗਿਣਤੀ ਲਗਾਤਾਰ ਵੱਧਣ ਲੱਗੀ।3 1912 ਦੇ ਅਖੀਰ ਤੱਕ ਇਨ੍ਹਾਂ ਦੇਸ਼ਾਂ ਵਿੱਚ ਲਗਭਗ 20,000 ਭਾਰਤੀ ਅਬਾਦ ਹੋ ਚੁੱਕੇ ਸਨ ਅਤੇ ਇਹਨਾ ਭਾਰਤੀਆਂ

ਵਿਚੋ ਵਧੇਰੇ ਗਿਣਤੀ ਪੰਜਾਬੀਆਂ ਦੀ ਸੀ।ਇਹਨਾਂ ਪੰਜਾਬੀਆਂ ਵਿੱਚ ਵੱਡੀ ਗਿਣਤੀ ਪੇਂਡੂ ਕਿਸਾਨ, ਦਸਤਕਾਰ ਅਤੇ ਸਾਬਕਾ ਪੰਜਾਬੀ ਫੌਜ਼ੀ ਸਨ। ਇਕ ਅਨੁਮਾਨ ਮੁਤਾਬਿਕ ਅਮਰੀਕਾ ਵਿਚ ਗਏ ਭਾਰਤੀਆਂ ਵਿਚੋ 99 ਫੀਸਦੀ ਪੰਜਾਬੀ ਸੀ ਪਰ ਇਹਨਾਂ ਵਿਚੋ 75 ਫੀਸਦੀ ਸਾਬਕਾ ਫੌਜੀ ਸਨ।4 ਕਨੇਡਾ ਤੇ ਅਮਰੀਕਾ ਪਹੁੰਚਣ ਵਾਲੇ ਇਹਨਾ ਭਾਰਤੀਆਂੇ ਪੰਜਾਬੀਆਂ ਨੂੰ ਕੰਮ ਲੱਭਣ ਵਿੱਚ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰਨਾ ਪਿਆ।ਸਗੋ ਆਸਾਨੀ ਨਾਲ ਇਹਨਾਂ ਨੂੰ ਅਪਣੀ ਯੋਗਤਾ ਮੁਤਾਬਿਕ ਕੰਮ ਮਿਲਦਾ ਰਿਹਾ ਸੀ। ਕਿਉਕਿ ਇਸ ਸਮੇ ਕੈਨੇਡਾ ਤੇ ਅਮਰੀਕਾ ਦਾ ਪੱਛਮ ਵਾਲਾ ਹਿੱਸਾ ਆਬਾਦ ਕੀਤਾ ਜਾ ਰਿਹਾ ਸੀ ਭਾਵ ਜੰਗਲਾਂ ਨੂੰ ਸਾਫ਼ ਕਰਕੇ ਵੱਸਣ ਯੋਗ ਤੇ ਖੇਤੀਬਾੜੀ ਲਈ ਜਮੀਨ ਨੂੰ ਵਾਹੀ ਯੋਗ ਬਣਾਇਆ ਜਾ ਰਿਹਾ ਸੀ ਜਿਸ ਦੇ ਲਈ ਮਜਦੂਰਾਂ ਦੀ ਭਾਰੀ ਲੋੜ ਸੀ।ਪੰਜਾਬੀ ਸਿੱਖ ਇਸ ਕੰਮ ਲਈ ਕਾਫੀ ਨਿਪੁੰਨ ਸਨ ਅਤੇ ਘੱਟ ਸਿੱਖਿਅਤ ਹੋਣ ਦੇ ਬਾਵਜੂਦ ਉਹਨਾਂ ਨੂੰ ਰੁਜਗਾਰ ਉਪਲੱਬਧ ਹੋਇਆ।ਸੋ ਇਹ ਰੁਜ਼ਗਾਰ ਪੰਜਾਬੀਆਂੇਭਾਰਤੀਆਂ ਲਈ ਕੁਸ਼ਲਤਾ ਮੁਤਾਬਿਕ ਸਹੀ ਸਾਬਿਤ ਹੋਇਆ। ਇਸ ਕਾਰਨ ਪੰਜਾਬੀਆਂ ਨੇ ਇਹਨਾ ਦੇਸ਼ਾਂ ਦੇ ਪੱਛਮੀ ਹਿੱਸੇ ਵਿੱਚ ਹੀ ਕੰਮ ਕਰਨਾ ਅਤੇ ਰਹਿਣਾ ਜਿਆਦਾ ਪਸੰਦ ਕੀਤਾ ਤੇ ਵੱਖ ਵੱਖ ਤਰ੍ਹਾਂ ਦੇ ਕੰਮ ਜਿਵੇ ਕਿ ਜੰਗਲਾ ਨੂੰ ਕੱਟਣਾ, ਸੜਕਾਂ ਬਣਾਉਣੀਆ,ਰੇਲ ਦੀਆ ਲਾਇਨਾਂ ਵਿਛਾਉਣੀਆਂ, ਜ਼ਮੀਨ ਨੂੰ ਪੱਧਰਾ ਕਰਕੇ ਖੇਤੀਯੋਗ ਬਣਾਉਣਾ ਆਦਿ ਕੰਮਾਂ ਨੂੰ ਪੂਰੀ ਮਿਹਨਤ ਨਾਲ ਕੀਤਾ।ਇਸ ਖੇਤਰ ਵਿੱਚ ਭਾਰਤੀਆ ਦੇ ਨਾਲ ਨਾਲ ਚੀਨੀ ਤੇ ਜਾਪਾਨੀ ਲੋਕ ਵੀ ਇਹਨਾ ਕੰਮਾ ਵਿੱਚ ਲੱਗੇ ਹੋਏ ਸਨ।5 ਪੰਜਾਬੀਆ ਦੀ ਮਿਹਨਤ ਸਦਕਾ ਹੀ ਉਥੋ ਦੀਆਂ ਅੰਗਰੇਜ਼ ਕੰਪਨੀਆਂ ਮਜਦੂਰਾਂ ਦੇ ਰੂਪ ਵਿਚ ਪੰਜਾਬੀਆਂ ਨੂੰ ਸਭ ਤੋ ਜਿਆਦਾ ਪਸੰਦ ਕਰਨ ਲੱਗ ਗਈਆਂ ਸਨ। ਸੋ ਇਥੇ ਆਉਣ ਵਾਲੇ ਪੰਜਾਬੀਆਂ ਕੋਲ ਮਜਦੂਰੀ ਦੇ ਕੰਮ ਦੀ ਕੋਈ ਘਾਟ ਨਹੀ ਸੀ।

ਪਰ ਕਿਉਕਿ ਭਾਰਤ ਤੋ ਆਉਣ ਵਾਲੇ ਇਹ ਲੋਕ ਘੱਟ ਪੜੇ ਲਿਖੇ ਅਤੇ ਤਕਨੀਕੀ ਮੁਹਾਰਿਤ ਦੀ ਘਾਟ ਹੋਣ ਕਾਰਣ ਅਮਰੀਕਾ ਦੇ ਵਿਕਸਿਤ ਤੇ ਉਦਯੋਗੀਕਰਨ ਜਾ ਸਥਾਪਿਤ ਉਦਯੋਗਾਂ ਵਾਲੇ ਹਿੱਸੇ ਵੱਲ ਨਾ ਜਾ ਸਕੇ। ਕਿਉਕਿ ਉੱਥੇ ਦੇ ਕਾਰਖਾਨਿਆਂ ਵਿੱਚ ਲੱਗੀਆਂ ਮਸੀਨਾਂ ਨੂੰ ਚਲਾਉਣਾ ਇਹਨਾਂ ਦੇ ਵੱਸ ਵਿਚ ਨਹੀ ਸੀ। ਦੂਜੇ ਪਾਸੇ ਨਵੀਆਂ ਜਮੀਨਾਂ ਨੂੰ ਆਪਣਾ ਬਣਾਉਣ ਵਿੱਚ ਵੀ ਕਾਮਯਾਬ ਹੋਏ।6 ਇਸੇ ਕਾਰਨ ਪੱਛਮੀ ਹਿੱਸੇ ਵਿਚ ਪੰਜਾਬੀ ਮਜਦੂਰਾਂ ਦੀ ਮੰਗ ਸਭ ਤੋ ਵਧੇਰੇ ਸੀ।ਰੁਜਗਾਰ ਦੀ ਪ੍ਰਾਪਤੀ ਤੇ ਮਜਦੂਰਾਂ ਦੀ ਵੱਧਦੀ ਮੰਗ ਨੇ ਪੰਜਾਬੀਆਂ ਨੂੰ ਇਹਨਾਂ ਮੁਲਕਾਂ ਵੱਲ ਜਾਣ ਲਈ ਉਤਸਾਹਿਤ ਕੀਤਾ।ਇਸੇ ਦਾ ਸਿੱਟਾ ਸੀ ਕਿ ਬਹੁਤ ਸਾਰੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਆਪਣੀ ਜ਼ਮੀਨ ਆਦਿ ਵੇਚ ਕੇ ਇਹਨਾਂ ਮੁਲਕਾ ਵਿੱਚ ਪਹੁੰਚਣੇ ਸੁਰੂ ਹੋ ਗਏ। ਆਪਣੀ ਸਖਤ ਮਿਹਨਤ ਦੇ ਕਾਰਨ ਪੰਜਾਬੀ ਇਥੇ ਆਬਾਦ ਤੇ ਖੁਸ਼ਹਾਲ ਵੀ ਹੋ ਗਏ ਸਨ।7 ਕਈ ਕਿਸਾਨਾਂ ਨੇ ਆਪਣੀਆਂ ਜਾਇਦਾਦਾਂ ਵੀ ਬਣਾ ਲਈਆਂ ਸਨ ਅਤੇ ਕਈਆਂ ਨੇ ਜਮੀਨਾਂ ਠੇਕੇ ਤੇ ਲੈ ਕੇ ਫਾਰਮ ਬਣਾ ਲਏ ਤੇ ਖੇਤੀ ਕਰਨ ਲੱਗੇ ਸਨ। ਕਿਸਾਨੀ ਪਿਛੋਕੜ ਵਿਚੋ ਆਉਣ ਕਰਕੇ ਉਹ ਇਥੇ ਖੇਤੀ ਦੇ ਕੰਮ ਵਿਚ ਛੇਤੀ ਹੀ ਸਫਲ 8 ਹੋ ਗਏ ਸਨ।ਪਰੰਤੂ ਖੁਸ਼ਹਾਲ ਤੇ ਸਫਲ ਹੋਣ ਦੇ ਬਾਵਜੂਦ ਪੰਜਾਬੀਆਂ ਨੂੰ ਅਮਰੀਕਾ ਤੇ ਕਨੇਡਾ ਦੇ ਸਮਾਜ ਵਿੱਚ ਬਣਦਾ ਮਾਣ ਸਤਿਕਾਰ ਨਹੀ ਮਿਲਦਾ ਸੀ ਸਗੋ ਅੰਗਰੇਜ਼ ਉਹਨਾਂ ਦੀ ਬੇਇੱਜ਼ਤੀ ਕਰਦੇ ਤੇ ਗੁਲਾਮੀ ਦੇ ਤਾਅਨੇ ਦਿੰਦੇ ਰਹਿੰਦੇ ਸਨ। ਜੇਕਰ ਪੰਜਾਬੀ ਅੰਗਰੇਜਾਂ ਦੇ ਅਜਿਹੇ ਵਤੀਰੇ ਦੀ ਸ਼ਿਕਾਇਤ ਵੀ ਕਰਦੇ ਸਨ ਤਾ ਵੀ ਕੋਈ ਸੁਣਵਾਈ ਨਹੀ ਹੁੰਦੀ ਸੀ।9 ਹੌਲੀ-ਹੌਲੀ ਇਹਨਾਂ ਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਨੂੰ ਅਪਣੇ ਨਾਲ ਹੋ ਰਹੇ ਅਪਮਾਨ ਦਾ ਕਾਰਨ ਸਮਝ ਆਉਣ ਲੱਗਾ ਕਿ ਜਦ ਤੱਕ ਉਹ ਆਪਣੇ ਦੇਸ ਭਾਰਤ ਨੂੰ ਅੰਗਰੇਜਾਂ ਤੋ ਅਜ਼ਾਦ ਨਹੀ ਕਰਵਾ ਲੰੈਦੇ ਉਦੋਂ ਤੱਕ ਇਹਨਾਂ ਦੇਸ਼ਾ ਵਿੱਚ ਉਹਨਾਂ ਨੂੰ ਸਨਮਾਨ ਦੀ ਨਜ਼ਰ ਨਾਲ ਨਹੀਂ ਦੇਖਿਆ ਜਾਵੇਗਾ, ਸੋ ਭਾਰਤੀਆਂ ਦੇ ਮਨਾਂ ਅੰਦਰ ਹੁਣ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅਜਾਦੀ ਦਾ ਜ਼ਜਬਾ ਜਾਗ ਪਿਆ ਸੀ। ਉਹਨਾਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਤੇ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਨੂੰ ਬਣਦਾ ਮਾਣ ਸਨਮਾਨ ਦਿਵਾਉਣ ਲਈ ਸੰਨ 1911 ਵਿੱਚ ਭਾਰਤੀਆਂ ਦੀ ਇਕ ਸਭਾੇ ਪਾਰਟੀ ਜਾਂ ਸੰਸਥਾ ਬਣਾਉਣ ਦਾ ਫੈਸਲਾ ਕੀਤਾ10 ਇਸ ਮਨੋਰਥ ਦੇ ਲਈ 1912 ਵਿੱਚ ਪੋਰਟਲੰੈਡ ਵਿਖੇ ਅਮਰੀਕਾ ਵਿਚ ਵੱਸਦੇ ਭਾਰਤੀਆਂ ਦਾ ਇਕੱਠ ਕੀਤਾ ਗਿਆ। ਜਿਸ ਵਿੱਚ ਇਹਨਾਂ ਭਾਰਤੀਆਂ ਨੇ ਵੱਧ ਚੜ ਦੇ ਹਿੱਸਾ ਲਿਆ। ਇਸ ਇਕੱਠ ਵਿੱਚ ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਹਿੰਦੁਸਤਾਨ ਐਸੋਸ਼ੀਏਸ਼ਨ ਆਫ ਪੈਸੇਫਿਕ ਕੋਸਟ ਨਾਂ 11 ਦੀ ਇੱਕ ਜਥੇਬੰਦੀ ਬਣਾਈ ਜਾਵੇ ਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਜੱਥੇਬੰਦੀ ਕੋਲ ਅਪਣੀ ਕਿਸੇ ਇਮਾਰਤ ਦਾ ਪ੍ਰਬੰਧ ਨਹੀਂ ਹੁੰਦਾ, ਉਦੋਂ ਤੱਕ ਪੋਰਟਲੱੈਡ ਵਿਚ ਗਤੀਵਿਧੀਆਂ ਚਲਾਉਣ ਲਈ ਅਤੇ ਬੈਠਕਾਂ ਕਰਨ ਸਬੰਧੀ ਕਿਸੇ ਕਿਰਾਏ ਦੀ ਇਮਾਰਤ ਵਿਚ ਹੀ ਦਫਤਰ ਖੋਲਿਆ ਜਾਵੇ। ਇਕੱਠ ਵਿਚ ਸਾਮਿਲ ਸਾਰੇ ਭਾਰਤੀਆਂ ਨੇ ਸਰਵ ਸੰਮਤੀ ਨਾਲ ਫੈਸਲਾ ਕਰਕੇ ਜੱਥੇਬੰਦੀ ਦਾ ਗਠਨ ਕੀਤਾ। ਜਿਸ ਵਿੱਚ ਬਾਬਾ ਸੋਹਣ ਸਿੰਘ ਭਕਨਾ (ਪ੍ਰਧਾਨ) ਗੁਰੂ ਦੱਤ ਕੁਮਾਰ(ਜਨਰਲ ਸਕੱਤਰ) ਪੰਡਿਤ ਕਾਂਸੀ ਰਾਮ (ਖਜ਼ਾਨਚੀ) ਚੁਣਿਆ ਗਿਆ। ਜਥੇਬੰਦੀ ਦੇ ਹੰੋਦ ਵਿਚ ਆ ਜਾਣ ਤੋ ਬਾਅਦ ਅਮਰੀਕਾ, ਕਨੇਡਾ ਅਤੇ ਹੋਰ ਯੂਰੋਪੀ ਦੇਸ਼ਾਂ ਦੇ ਵੱਖ ਵੱਖ ਸ਼ਹਿਰਾਂ, ਜਿਥੇ ਵੀ ਭਾਰਤੀ ਵੱਸਦੇ ਸਨ ਜਥੇਬੰਦੀ ਦੀਆ ਬਰਾਂਚਾਂ ਖੋਲੀਆਂ ਗਈਆ। ਭਾਰਤੀਆਂ ਦੇ ਅੰਦਰ ਆਜ਼ਾਦੀ ਪ੍ਰਾਪਤੀ ਲਈ ਚੇਤਨਾ ਪੈਦਾ ਕਰਨ ਲਈ ਹਿੰਦੁਸਤਾਨ ਨਾਮ ਦਾ ਉਰਦੂ ਸਪਤਾਹਿਕ ਅਖ਼ਬਾਰ ਸ਼ੁਰੂ ਕਰਨ ਦਾ ਵੀ ਫੈਸਲਾ ਕੀਤਾ ਗਿਆ।ਜੱਥੇਬੰਦੀ ਦੇ ਨੇਤਾਵਾਂ ਦੇ ਮੁਤਾਬਿਕ ਭਾਰਤੀਆਂ ਵਿੱਚ ਅਜਾਦੀ ਦੀ ਚਿੰਗਾਰੀ ਜਲਾਉਣ ਵਿੱਚ ਅਖ਼ਬਾਰ ਅਹਿਮ

ਭੂਮਿਕਾ ਨਿਭਾ ਸਕਦੇ ਹਨ। ਅਖਬਾਰ ਰਾਹੀਂ ਜੱਥੇਬੰਦੀ ਦੇ ਵਿਚਾਰ ਆਮ ਲੋਕਾਂ ਤੱਕ ਪਹੁੰਚਾਉਣ ਦਾ ਫੈਸਲਾ ਕੀਤਾ ਗਿਆ। ਅਖਬਾਰ ਦਾ ਇੱਕੋ ਮਕਸਦ ਰੱਖਿਆ ਗਿਆ ਕਿ ਵਿਦੇਸ਼ਾ ਵਿੱਚ ਵੱਸਦੇ ਭਾਰਤੀਆਂ ਨੂੰ ਹਿੰਦੁਸਤਾਨ ਦੀ ਆਜਾਦੀ ਲਈ ਇਨਕਲਾਬ ਲਿਆਉਣ ਲਈ ਤਿਆਰ ਕੀਤਾ ਜਾਵੇਗਾ। ਪਰੰਤੂ ਕੁਝ ਸਮੇ ਬਾਅਦ ਹੀ ਗੁਰੂ ਦੱਤ ਬੀਮਾਰ ਹੋ ਗਿਆ।ਜੱਥੇਬੰਦੀ ਦੇ ਜਨਰਲ ਸਕੱਤਰ ਦੇ ਬੀਮਾਰ ਹੋਣ ਕਾਰਣ ਜੱਥੇਬੰਦੀ ਦੀਆਂ ਅਗਲੀਆਂ ਕਾਰਵਾਈਆਂ ਕੁਝ ਠੰਡੀਆਂ ਪੈ ਗਈਆਂ ਅਤੇ ਅਖਬਾਰ ਕੱਢਣ ਦਾ ਕੰਮ ਠੱਪ ਪੈ ਗਿਆ।12 ਪੋਰਟਲੈਂਡ ਵਿਖੇ ਲਾਲਾ ਠਾਕਰ ਦਾਸ ਧੂਰੀ ਦੇ ਆਉਣ ਨਾਲ ਜਥੇਬੰਦੀ ਦਾ ਕੰਮ ਸੁਰੂ ਹੋ ਗਿਆ। ਲਾਲਾ ਠਾਕਰ ਦਾਸ ਨੇ ਜਥੇਬੰਦੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਨੂੰ ਸਲਾਹ ਦਿੱਤੀ ਕਿ ਕੈਲੋਫੋਰਨੀਆਂ ਵਿਚ ਪਹਿਲਾਂ ਹੀ ਅੰਗਰੇਜ਼ੀ ਸਰਕਾਰ ਦੇ ਖਿਲਾਫ ਮਾਹੌਲ ਤਿਆਰ ਹੋ ਰਿਹਾ ਹੈ। ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ, ਲਾਲਾ ਹਰਦਿਆਲ, ਸੰਤੋਖ ਸਿੰਘ, ਰੂਪ ਸਿੰਘ, ਕਰਤਾਰ ਸਿੰਘ ਸਰਾਭਾ ਆਦਿ ਭਾਰਤੀ ਵਿਦਿਆਰਥੀਆਂ ਵਿੱਚ 13 ਅੰਗਰੇਜ਼ ਸਰਕਾਰ ਵਿਰੁੱਧ ਲਹਿਰ ਪੈਦਾ ਕਰਨ ਲਈ ਯਤਨ ਤੇਜ ਕਰ ਦਿੱਤੇ ਸਨ।ਇਹ ਫੈਸਲਾ ਕੀਤਾ ਗਿਆ ਕਿ ਲਾਲਾ ਹਰਦਿਆਲ ਨੂੰ ਪੋਰਟਲੰਡ ਬੁਲਾ ਕੇ ਜਥੇਬੰਦੀ ਦਾ ਕੰਮ ਸੋਪਿਆ ਜਾਵੇ ਤਾਂ ਕਿ ਜੱਥੇਬੰਦੀ ਦੇ ਕੰਮ ਨੂੰ ਬਿਨਾਂ ਵਿਘਨ ਅੱਗੇ ਵਧਾਇਆ ਜਾ ਸਕੇ।ਇਸ ਫੈਸਲੇ ਅਨੁਸਾਰ 25 ਮਾਰਚ 1913 ਨੂੰ ਲਾਲਾ ਹਰਦਿਆਲ ਨੂੰ ਪੋਰਟਲੈਂਡ ਬੁਲਾਇਆ ਗਿਆ ਅਤੇ ਜਥੇਬੰਦੀ ਦਾ ਕੰਮ ਸੌਂਪ ਦਿੱਤਾ ਗਿਆ।ਲਾਲਾ ਹਰਦਿਆਲ ਦੀ ਸਲਾਹ ਤੇ ਹੀ ਭਾਰਤੀਆ ਦੇ ਮਨ ਵਿਚ 1857 ਦੇ ਵਿਦਰੋਹ ਨੂੰ ਜਿੰਦਾ ਰੱਖਣ ਤੇ ਅੰਗਰੇਜ਼ਾਂ ਦੇ ਖਿਲਾਫ ਨਫਰਤ ਪੈਦਾ ਕਰਨ ਲਈ ਜਥੇਬੰਦੀ ਵਲੋ ਲਾਲਾ ਹਰਦਿਆਲ ਦੀ ਸੰਪਾਦਕੀ ਹੇਠ ਗਦਰ ਨਾਮ ਦਾ ਹਫਤਾਵਾਰੀ ਅਖ਼ਬਾਰ ਕੱਢਣ ਦਾ ਫੈਸਲਾ ਕੀਤਾ ਗਿਆ ਅਤੇ ਭਾਰਤ ਦੀ ਆਜ਼ਾਦੀ ਲਈ ਲੜੀ ਜਾਣ ਵਾਲੀ ਲੜਾਈ ਨੂੰ ਵੀ ਗਦਰ ਦਾ ਨਾਮ ਦੇਣ ਦਾ ਫੈਸਲਾ ਕੀਤਾ ਗਿਆ 14 21 ਅਪ੍ਰੈਲ 1913 ਨੂੰ ਆਡੀਟੋਰੀਅਮ ਵਿਚ ਜੱਥੇਬੰਦੀ ਦੀਆ ਵੱਖ ਵੱਖ ਬਰਾਚਾਂ ਦੀ ਮੀਟਿੰਗ ਸੱਦੀ ਗਈ।ਜਿਸ ਵਿੱਚ ਐਸੋਸੀਏਸ਼ਨ ਦਾ ਨਾਮ ਬਦਲਣ ਦਾ ਫੈਸਲਾ ਕੀਤਾ ਗਿਆ ਤਾਂ ਕਿ ਜਿਆਦਾ ਤੋਂ ਜਿਆਦਾ ਲੋਕਾਂ ਨੂੰ ਅਪਣੇ ਨਾਲ ਜੋੜਿਆ ਜਾ ਸਕੇ।ਇਹ ਨਾਮ ਇਸ ਤਰ੍ਹਾਂ ਦਾ ਰੱਖਣ ਦਾ ਫੈਸਲਾ ਹੋਇਆ ਜਿਸ ਨਾਲ ਪੂਰੇ ਭਾਰਤ ਦੇਸ਼ ਦੇ ਲੋਕਾਂ ਨੂੰ ਨਾਲ ਜੋੜਿਆ ਜਾ ਸਕੇ। ਜਿਸ ਵਿਚ ਲਾਲਾ ਹਰਦਿਆਲ ਦੀ ਸਲਾਹ ਤੇ ਹੀ ਐਸੋਸ਼ੀਏਸਨ ਆਫ ਪੈਸੇਫਿਕ ਕੋਸਟ ਦਾ ਨਾਮ ਬਦਲ ਕੇ ਹਿੰਦੀ ਐਸੋਸ਼ੀਏਸਨ ਆਫ ਪੈਸੇਫਿਕ ਕੋਸਟ ਰੱਖਿਆ ਗਿਆ। ਜੱਥੇਬੰਦੀ ਦਾ ਹੱੈਡ ਕੁਆਟਰ ਸਨਫਰਾਂਸਿਸਕੋ, ਅਮਰੀਕਾ ਵਿਚ ਖੋਲ੍ਹਿਆ ਗਿਆ ਜਿਸਦਾ ਨਾਮ ਯੁਗਾਂਤਰ ਆਸ਼ਰਮ ਰੱਖਿਆ ਗਿਆ। ਗਦਰ ਪਾਰਟੀ ਦਾ ਮੁੱਖ ਉਦੇਸ਼ ਭਾਰਤ ਵਿਚੋਂ ਅੰਗਰੇਜੀ ਸਾਮਰਾਜ ਖਤਮ ਕਰਕੇ ਸਮਾਨਤਾ ਪੈਦਾ ਕਰਨਾ ਅਤੇ ਅਜਾਦੀ ਦੇ ਮਹੌਲ ਦੀ ਸਿਰਜਣਾ ਕਰਨਾ ਰੱਖਿਆ ਗਿਆ। 15 ਜਥੇਬੰਦੀ ਨੇ ਆਪਣੇ ਮਕਸਦ ਦਾ ਪ੍ਰਚਾਰ ਕਰਨ ਲਈ ਪੰਜਾਬੀ ਵਿਚ ਗਦਰ ਨਾਮ ਦਾ ਅਖ਼ਬਾਰ ਸੁਰੂ ਕੀਤਾ।ਇਹ ਅਖ਼ਬਾਰ ਭਾਰਤੀਆਂ ਵਿੱਚ ਬਹੁਤ ਹੀ ਲੋਕਪ੍ਰਿਯ ਹੋਇਆ।ਇਸ ਦੀ ਲੋਕਪ੍ਰਿਯਤਾ ਨੂੰ ਦੇਖਦੇ ਹੋਏ ਇਸ ਅਖ਼ਬਾਰ ਨੂੰ ਦੂਜੀਆਂ ਭਾਰਤੀ ਭਾਸਾਵਾਂ ਜਿਵੇਂ ਹਿੰਦੀ, ਗੁਜਰਾਤੀ, ਮਰਾਠੀ ਆਦਿ ਵਿਚ ਵੀ ਕੱਢਿਆ ਗਿਆ। ਇਹ ਅਖ਼ਬਾਰ ਅਮਰੀਕਾ, ਕਨੇਡਾ, ਹਿੰਦੁਸਤਾਨ, ਜਪਾਨ, ਚੀਨ, ਸਿੰਘਾਪੁਰ, ਹਾਂਗਕਾਂਗ ਆਦਿ ਦੇਸਾਂ ਵਿੱਚ ਵੀ ਭੇਜਿਆ ਗਿਆ। ਇਸੇ ਕਾਰਨ ਵੱਖ ਵੱਖ ਉਪਰੋਕਤ ਦੇਸਾਂ ਵਿਚ ਜਥੇਬੰਦੀ ਦੀਆ ਬਰਾਂਚਾਂ ਸਥਾਪਿਤ ਹੋਣ ਲੱਗੀਆਂ।ਇਸਦੇ ਸਰਗਰਮ ਮੈਬਰਾਂ ਦੀ ਗਿਣਤੀ 10 ਹਜਾਰ ਤੱਕ ਪਹੁੰਚ ਗਈ ਪਰ ਇਨਾਂ ਵਿਚੋ 90 ਪ੍ਰਤੀਸਤ ਤੋ ਜਿਆਦਾ ਪੰਜਾਬੀ ਸਨ।16 ਇਸ ਅਖਬਾਰ ਦਾ ਅਧਾਰ ਦੇਸ਼ ਭਗਤਾਂ ਵਿੱਚ ਇਨ੍ਹਾਂ ਲੋਕਪ੍ਰਿਯ ਹੋਇਆ ਕਿ ਅੱਗੇ ਚੱਲ ਕੇ ਅਖਬਾਰ ਦੇ ਨਾਮ ਤੇ ਹੀ ਜੱਥੇਬੰਦੀ ਦਾ ਨਾਮ ਗਦਰ ਪਾਰਟੀ ਪੈ ਗਿਆ। ਗਦਰ ਪਾਰਟੀ ਨੇ ਭਾਰਤ ਨੂੰ ਅੰਗਰੇਜਾ ਦੀ ਗੁਲਾਮੀ ਤੋ ਮੁਕਤ ਕਰਵਾਉਣ ਲਈ ਕਈ ਸੁਝਾਅ ਦਿੱਤੇ।17 ਗਦਰ ਪਾਰਟੀ ਦੇ ਨੇਤਾਵਾ ਨੇ ਭਾਰਤ ਵਿਚ ਆਜਾਦੀ ਪ੍ਰਾਪਤੀ ਲਈ ਸੰਘਰਸ ਕਰ ਰਹੇ ਕ੍ਰਾਤੀਕਾਰੀਆਂ ਨਾਲ ਸੰਪਰਕ ਬਣਾਇਆ ਅਤੇ ਵਿਦੇਸਾਂ ਵਿਚ ਫਸੇ ਭਾਰਤੀਆ ਨੂੰ ਅਪੀਲ ਕੀਤੀ ਕਿ ਉਹ ਭਾਰਤ ਆ ਕੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣ।ਗਦਰ ਪਾਰਟੀ ਨੇ ਘੋਸਣਾ ਕੀਤੀ ਕਿ 1918 ਤੱਕ ਜਰਮਨ ਤੇ ਇੰਗਲੈਂਡ ਵਿਚਕਾਰ ਯੁੱਧ ਸੁਰੂ ਹੋ ਜਾਵੇਗਾ। ਅਜਿਹੇ ਹਾਲਾਤ ਵਿਚ ਇੰਗਲੈਂਡ ਨੂੰ ਜਰਮਨ ਅਤੇ ਭਾਰਤੀ ਅਜਾਦੀ ਘੁਲਾਟੀਆਂ ਨਾਲ ਲੜਾਈ ਲੜਨਾ ਅਸਾਨ ਨਹੀ ਹੋਵੇਗਾ। ਪਰ ਇਹ ਵਿਸ਼ਵ ਯੁੱਧ ਗਦਰ ਪਾਰਟੀ ਦੇ ਅਨੁਮਾਨਾਂ ਤੋਂ ਚਾਰ ਸਾਲ ਪਹਿਲਾਂ ਹੀ 1914 ਵਿਚ ਸੁਰੂ ਹੋ ਗਿਆ।ਗਦਰ ਪਾਰਟੀ ਵੱਲੋਂ ਭਾਰਤੀਆਂ ਨੂੰ ਵਾਪਸ ਭਾਰਤ ਆਉਣ ਦੀ ਕੀਤੀ ਗਈ ਅਪੀਲ ਅਤੇ ਵਿਸ਼ਵ ਯੁੱਧ ਸ਼ੁਰੂ ਹੋਣ ਕਾਰਣ ਬਹੁਤ ਸਾਰੇ ਭਾਰਤੀ ਵਿਦੇਸ਼ਾਂ ਤੋ ਵਾਪਿਸ ਭਾਰਤ ਆ ਗਏ।18 ਅੰਗਰੇਜ਼ ਸਰਕਾਰ ਇੰਨੀ ਵੱਡੀ ਗਿਣਤੀ ਵਿੱਚ ਭਾਰਤੀਆਂ ਦੇ ਵਾਪਸ ਆਉਣ ਕਾਰਨ ਬਹੁਤ ਡਰ ਗਈ ਸੀ।19 ਸਰਕਾਰ ਨੇ ਆਪਣੇ ਸਾਮਰਾਜ ਨੂੰ ਬਚਾਉਣ ਦੇ ਯਤਨ ਤੇਜ਼ ਕਰ ਦਿੱਤੇ।ਜਿਸਦੇ ਤਹਿਤ 5 ਸਤੰਬਰ 1914 ਨੂੰ ਇੰਗਲੈਂਡ ਆਰਡੀਨੈਂਸ ਪਾਸ ਕੀਤਾ ਗਿਆ, ਇਸੇ ਆਰਡੀਨੈਂਸ ਦੇ ਆਧਾਰ ਤੇ ਅੱਗੇ ਚੱਲ ਕੇ 1915 ਈ. ਵਿਚ ਡੀਫੈਂਸ ਆਫ ਇੰਡੀਆਂ ਐਕਟ ਬਣਾਇਆ ਗਿਆ।20 ਇਸ ਐਕਟ ਦੇ ਤਹਿਤ ਅੰਗਰੇਜ਼ ਸਰਕਾਰ ਕਿਸੇ ਵੀ ਭਾਰਤੀ ਨੂੰ ਬਿਨਾਂ ਕੋਈ ਕਾਰਣ ਦੱਸੇ ਗਿਰਫਤਾਰ ਕਰ ਸਕਦੀ ਸੀ, ਸਜ਼ਾ ਦੇ ਸਕਦੀ ਸੀ ਅਤੇ ਪ੍ਰਾਪਰਟੀ ਜਬਤ ਕਰ ਸਕਦੀ ਸੀ ਅਤੇ ਕਿਸੇ ਨੂੰ ਵੀ ਅਣਮਿੱਥੇ ਸਮੇਂ ਲਈ ਜੇਲ ਵਿੱਚ ਬੰਦ ਰੱਖਿਆ ਜਾ ਸਕਦਾ ਸੀ। ਅੰਗਰੇਜ਼

ਸਰਕਾਰ ਦਾ ਅਸਲ ਉਦੇਸ਼ ਭਾਰਤ ਵਿੱਚ ਉੱਠ ਰਹੀ ਬਗਾਵਤ ਨੂੰ ਇਸ ਕਨੂੰਨ ਰਾਹੀਂ ਦਬਾਉਣਾ ਸੀ।

1914 ਵਿੱਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ ਕਰਕੇ ਗਦਰ ਪਾਰਟੀ ਦੇ ਉਸ ਸਮੇਂ ਦੇ ਸਰਗਰਮ ਜੱਥੇਬੰਦਕਾਂ ਅਤੇ ਮੈਂਬਰਾਂ ਨੇ ਪੈਦਾ ਹੋਏ ਹਾਲਾਤ ਦਾ ਭਾਰਤੀ ਰਾਜਨੀਤੀ ਅਤੇ ਗਦਰ ਪਾਰਟੀ ਦੀ ਰਣਨੀਤੀ ਲਈ ਵਿਚਾਰ ਵਟਾਂਦਰਾ ਕਰਨ ਸਬੰਧੀ 4 ਅਗਸਤ 1914 ਨੂੰ ਪਾਰਟੀ ਦੇ ਮੁੱਖ ਦਫਤਰ ਯੁਗਾਂਤਰ ਆਸ਼ਰਮ ਜਿਹੜਾ ਕਿ ਅਮਰੀਕਾ ਦੇ ਸਨਫਰਾਂਸਿਸਕੋ ਸ਼ਹਿਰ ਵਿੱਚ ਸਥਿਤ ਸੀ, ਵਿਖੇ ਮੀਟਿੰਗ ਰੱਖੀ ਗਈ।ਇਸ ਮੀਟਿੰਗ ਵਿੱਚ ਯੂਰਪ ਦੇ ਵੱਖ ਵੱਖ ਦੇਸ਼ਾਂ/ਸ਼ਹਿਰਾਂ ਵਿੱਚ ਰਹਿ ਰਹੇ ਗਦਰ ਪਾਰਟੀ ਦੇ ਵਰਕਰਾਂ/ਮੈਂਬਰਾਂ ਨੇ ਹਿੱਸਾ ਲਿਆ, ਮੁੱਖ ਲੀਡਰ ਜਿਵੇਂ ਕਿ ਬਾਬਾ ਕੇਸਰ ਸਿੰਘ, ਕਰੀਮ ਬਖਸ਼, ਊਧਮ ਸਿੰਘ ਕਸੇਲ, ਈਸ਼ਰ ਸਿੰਘ, ਜਵਾਲਾ ਸਿੰਘ, ਸੰਤ ਵਿਸਾਖਾ ਸਿੰਘ, ਅਰੂੜ ਸਿੰਘ, ਸੰਤੋਖ ਸਿੰਘ, ਭਗਵਾਨ ਸਿੰਘ, ਬਰਕਤਉੱਲਾ ਆਦਿ ਸ਼ਾਮਿਲ ਹੋਏ।21 ਇਸ ਮੀਟਿੰਗ ਵਿੱਚ ਇਹ ਵਿਚਾਰਿਆ ਗਿਆ ਕਿ ਭਾਵੇਂ ਭਾਰਤ ਵਿੱਚ ਗਦਰ ਪਾਰਟੀ ਦੀ ਵੱਡੀ ਤਿਆਰੀ ਨਹੀਂ ਹੈ ਪਰ ਫਿਰ ਵੀ ਸਾਨੂੰ ਹਾਲਾਤ ਦਾ ਫਾਇਦਾ ਉਠਾਉਣਾ ਚਾਹੀਦਾ ਹੈ ਕਿਉਂਕਿ ਇਸ ਸਮੇਂ ਭਾਰਤ ਦੀ ਅੰਗਰੇਜੀ ਸਰਕਾਰ ਪਹਿਲੇ ਵਿਸ਼ਵ ਯੁੱਧ ਵਿੱਚ ਫਸੀ ਹੋਈ ਸੀ। ਜਿਸ ਕਰਕੇ ਅੰਗਰੇਜੀ ਸਰਕਾਰ ਲਈ ਵੀ ਇਹ ਔਖਾ ਹੋਵੇਗਾ ਕਿ ਇਕੋ ਸਮੇਂ ਭਾਰਤ ਦੀ ਬਗਾਵਤ ਨੂੰ ਦਬਾਉਣਾ ਅਤੇ ਵਿਸ਼ਵ ਯੁੱਧ ਲੜਨਾ।22 ਗਦਰੀਆਂ ਨੂੰ ਯਕੀਨ ਸੀ ਕਿ ਜੇ ਗਦਰ ਪਾਰਟੀ ਇਸ ਸਮੇਂ ਅਜਾਦੀ ਦੇ ਸੰਘਰਸ਼ ਦਾ ਬਿਗੁਲ ਵਜਾਉਂਦੀ ਹੈ ਤਾਂ ਯੂਰਪ ਵਿੱਚੋਂ ਵੀ ਇੰਗਲੈਂਡ ਦੇ ਵਿਰੋਧੀ ਦੇਸ਼ ਉਹਨਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣਗੇ ਜਿਸ ਵਿੱਚ ਪੈਸਾ ਅਤੇ ਹਥਿਆਰ ਮੁੱਖ ਸਨ।ਦੂਸਰੇ ਪਾਸੇ ਭਾਰਤ ਵਿੱਚ ਵੀ ਅੰਗਰੇਜਾਂ ਦੀ ਫੋਜ਼ ਵਿੱਚ ਕੰਮ ਕਰ ਰਹੇ ਭਾਰਤੀ ਫੌਜੀਆਂ ਨੂੰ ਅੰਗਰੇਜਾਂ ਦੀ ਮਦਦ ਲਈ ਯੂਰਪ ਜਾਣ ਤੋਂ ਰੋਕਣ ਦੀ ਕੋਸਿਸ ਕੀਤੀ ਜਾਵੇ ਤਾਂ ਸਫਲਤਾ ਦੀ ਵਧੇਰੇ ਉਮੀਦ ਸੀ।23 ਭਾਰਤ ਵਿੱਚ ਕਾਂਗਰਸ ਪਾਰਟੀ ਦੀ ਅਗੁਵਾਈ 1885 ਤੋਂ ਲੈ ਕੇ ਵਿਸ਼ਵ ਯੁੱਧ ਤੱਕ ਨਰਮ ਦਲ ਦੇ ਹੱਥ ਵਿੱਚ ਰਹੀ ਹੋਣ ਕਰਕੇ, ਨਰਮ ਦਲ ਦੀਆਂ ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਤੋਂ ਭਾਰਤੀ ਖਾਸ ਕਰਕੇ ਨੌਜਵਾਨ ਅਸਹਿਮਤ ਸਨ।ਕਿਉਂਕਿ ਨਰਮ ਦਲ ਦੇ ਕਾਰਜਕਾਲ ਦੌਰਾਨ ਹੀ ਬੰਗਾਲ ਨੂੰ ਫਿਰਕਾਪ੍ਰਸਤੀ ਦੇ ਅਧਾਰ ਤੇ ਅੰਗਰੇਜਾਂ ਵੱਲੋਂ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਸੀ ਜਿਸ ਕਾਰਣ ਇੰਡੀਅਨ ਨੈਸ਼ਨਲ ਕਾਂਗਰਸ ਦੇ ਗਰਮ ਖਿਆਲੀ ਲੋਕ ਨਰਮ ਦਲ ਦੇ ਕੰਮ ਕਰਨ ਦੇ ਤਰੀਕੇ ਤੋਂ ਅਸੰਤੁਸ਼ਟ ਹੋ ਚੁੱਕੇ ਸਨ ਅਤੇ ਉਹ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੁੰਦੇ ਸਨ।24 ਗਦਰੀਆਂ ਨੇ ਉਪਰੋਕਤ ਸਾਰੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 4 ਅਗਸਤ 1914 ਨੂੰ ਭਾਰਤ ਵਿੱਚ ਅਜਾਦੀ ਲਈ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ।25 ਗਦਰ ਅਖਬਾਰ ਨੇ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਵਿੱਚ ਸ਼ਾਮਿਲ ਹੋਣ ਲਈ ਸਮੂਹ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਪ੍ਰੇਰਣਾ ਸ਼ੁਰੂ ਕੀਤਾ ਗਿਆ। ਗਦਰ ਅਖਬਾਰ ਦੇ ਪਰਚੇ ਮੁੱਫਤ ਵੰਡੇ ਗਏ ਜਿੱਥੇ ਜਿੱਥੇ ਗਦਰ ਪਾਰਟੀ ਦੀਆਂ ਬ੍ਰਾਂਚਾਂ ਸਨ।26 ਗਦਰ ਅਖਬਾਰ ਦੇ ਪ੍ਰਚਾਰ ਕਾਰਣ ਵਿਦੇਸ਼ਾਂ ਵਿੱਚ ਵੱਸਣ ਵਾਲੇ ਭਾਰਤੀ/ਪੰਜਾਬੀ ਵੱਡੀ ਗਿਣਤੀ ਵਿੱਚ ਭਾਰਤ ਪਹੁੰਚਣੇ ਸ਼ੁਰੂ ਹੋ ਗਏ ਜਿਸ ਕਾਰਣ ਅੰਗਰੇਜੀ ਸਰਕਾਰ ਚੁਕੰਨੀ ਹੋਣੀ ਸ਼ੁਰੂ ਹੋ ਗਈ।ਇਸ ਮੀਟਿੰਗ ਵਿੱਚ ਇਹ ਫੈਸਲਾ ਵੀ ਲਿਆ ਗਿਆ ਕਿ ਬਾਬਾ ਸੋਹਣ ਸਿੰਘ ਭਕਨਾ ਗਦਰੀ ਸਾਥੀਆਂ ਨੂੰ ਨਾਲ ਲੈ ਕੇ ਭਾਰਤ ਚਲੇ ਜਾਣ ਅਤੇ ਉੱਥੇ ਰਹਿ ਕੇ ਗਦਰ ਲਈ ਤਿਆਰੀ ਕਰਨ।ਗਦਰ ਪਾਰਟੀ ਨਾਲ ਸਬੰਧਤ ਦੂਸਰੇ ਅਹੁਦੇਦਾਰਾਂ ਜਿਵੇਂ ਕਿ ਪੰਡਤ ਮੋਹਨ ਲਾਲ ਪਾਠਕ, ਬਾਬੂ ਹਰਨਾਮ ਸਿੰਘ, ਬਰਕਤਉੱਲਾ ਆਦਿ ਸਾਰੇ ਗਦਰ ਪਾਰਟੀ ਦੇ ਨੇਤਾਵਾਂ ਨੂੰ ਵੱਖ ਵੱਖ ਰਸਤੇ ਬਰਮਾ, ਮਲਾਇਆ, ਸਿੰਘਾਪੁਰ ਹੁੰਦੇ ਹੋਏ ਤਾਂ ਕਿ ਇਹਨਾਂ ਦੇਸ਼ਾਂ ਦੇ ਬਾਦਸ਼ਾਹਾਂ ਅਤੇ ਲੋਕਾਂ ਤੋਂ ਭਾਰਤ ਵਿੱਚ ਹੋਣ ਵਾਲੇ ਗਦਰ ਲਈ ਮਦਦ ਲਈ ਜਾ ਸਕੇ, ਭਾਰਤ ਪਹੁੰਚਣ ਦੀ ਵਿਉਂਤ ਬਣਾਈ ਗਈ।27 ਗਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ, ਫਰੈਜ਼ਨੋ ਅਤੇ ਸੈਕਰੇਮੈਂਟੋ ਵਿੱਚ 9 ਅਤੇ 11 ਅਗਸਤ 1914 ਨੂੰ ਗਦਰੀ ਨੇਤਾਵਾਂ ਨੇ ਜਲਸੇ ਕੀਤੇ। ਉੱਥੇ ਵੱਸਣ ਵਾਲੇ ਭਾਰਤੀਆਂ ਨੂੰ ਇੰਨਕਲਾਬੀ ਭਾਸ਼ਣਾ ਰਾਹੀਂ ਕਰੋ ਜਾਂ ਮਰੋ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਹੋਏ ਭਾਰਤੀ ਗਦਰ ਵਿੱਚ ਸ਼ਾਮਿਲ ਹੋਣ ਅਤੇ ਭਾਰਤ ਵਿੱਚੋਂ ਅੰਗਰੇਜੀ ਰਾਜ ਦੇ ਖਾਤਮੇ ਲਈ ਭਾਰਤ ਪਹੁੰਚਣ ਦਾ ਸੱਦਾ ਦਿੱਤਾ ਗਿਆ।28 ਗਈ ਅਜਿਹੇ ਭਾਸ਼ਣਾਂ ਦਾ ਅਮਰੀਕਾ ਅਤੇ ਕਨੇਡਾ ਵਿੱਚ ਵੱਸਦੇ ਭਾਰਤੀ/ਪੰਜਾਬੀ ਲੋਕਾਂ ਉੱਪਰ ਡੂੰਘਾ ਅਸਰ ਪਿਆ। ਸ਼ਾਇਦ ਇਹੋ ਕਾਰਣ ਸੀ ਕਿ ਗਦਰ ਪਾਰਟੀ ਨੂੰ ਲੜਾਈ ਲਈ ਚੰਦੇ ਦੇ ਰੂਪ ਵਿੱਚ ਦਾਨ ਦੇਣਾ ਸ਼ੁਰੂ ਕਰ ਦਿੱਤਾ।

ਇਸੇ ਸਮੇਂ ਕਾਮਾਗਾਟਾਮਾਰੂ ਜਹਾਜ ਜੋ ਭਾਰਤੀ ਮੁਸਾਫਿਰਾਂ ਨੂੰ ਲੈ ਕੇ ਵੈਨਕੂਵਰ, ਕਨੇਡਾ ਦੀ ਧਰਤੀ ਉੱਪਰ ਪਹੁੰਚਿਆ ਸੀ ਪਰ ਦੋ ਮਹੀਨੇ ਲੱਗਭਗ ਕਨੇਡਾ ਬੰਦਰਗਾਹ ਉੱਪਰ ਖੜ੍ਹਨ ਦੇ ਬਾਵਜੂਦ ਵੀ ਮੁਸਾਫਿਰਾਂ ਨੂੰ ਕਨੇਡਾ ਦੀ ਧਰਤੀ ਤੇ ਉੱਤਰਨ ਦੀ ਇਜਾਜਤ ਨਾ ਦਿੱਤੀ ਗਈ।ਜਿਸ ਕਾਰਣ ਜਹਾਜ ਵਿੱਚ ਸਵਾਰ ਇਹਨਾਂ ਮੁਸਾਫਿਰਾਂ ਵਿੱਚ ਕਨੇਡਾ ਸਰਕਾਰ ਅਤੇ ਭਾਰਤ ਦੀ ਅੰਗਰੇਜੀ ਸਰਕਾਰ ਦੇ ਪ੍ਰਤੀ ਰੋਹ ਪੈਦਾ ਹੋ ਗਿਆ ਸੀ। ਅਖੀਰ 23 ਜੁਲਾਈ 1914 ਨੂੰ ਕਾਮਾਗਾਟਾਮਾਰੂ ਜਹਾਜ ਨੂੰ ਵਾਪਸ ਭਾਰਤ ਲੈ ਜਾਣ ਦਾ ਫੈਸਲਾ ਕੀਤਾ।29 ਜਦੋਂ ਗਦਰੀਆਂ ਨੂੰ ਕਾਮਾਗਾਟਾਮਾਰੂ ਦੇ ਵਾਪਸ ਜਾਣ ਦਾ ਪਤਾ ਲੱਗਾ ਤਾਂ ਉਹਨਾਂ ਨੇ ਇਸੇ ਜਹਾਜ ਰਾਹੀਂ ਬਾਬਾ ਸੋਹਣ ਸਿੰਘ ਭਕਨਾ ਨੂੰ ਭਾਰਤ ਭੇਜਣ ਦੀ ਯੋਜਨਾਂ ਬਣਾਈ ਕਿਉਂਕਿ ਗਦਰੀਆਂ ਦਾ ਮੰਨਣਾ ਸੀ ਕਿ ਸੋਹਣ ਸਿੰਘ ਭਕਨਾ ਭਾਰਤ ਵੱਲ ਜਾ ਰਹੇ ਇਸ ਜਹਾਜ ਦੇ ਯਾਤਰੀਆਂ ਨੂੰ ਗਦਰ ਪਾਰਟੀ ਦਾ ਪ੍ਰੋਗਰਾਮ ਸਮਝਾਉਣ ਵਿੱਚ ਸਫਲ ਹੋ ਜਾਣਗੇ ਅਤੇ ਉਹਨਾਂ ਦੀ ਸਹਾਇਤਾ ਨਾਲ ਭਾਰਤ ਪਹੁੰਚ ਕੇ ਮਿਸ਼ਨ ਨੂੰ ਪੂਰਾ ਕਰਨ ਵਿੱਚ ਸਹਿਯੋਗ ਮਿਲੇਗਾ।ਕਾਮਾਗਾਟਾਮਾਰੂ ਰਾਹੀਂ ਗਦਰੀ ਕੁਝ ਹਥਿਆਰ ਵੀ ਭਾਰਤ ਪਹੁੰਚਾਉਣਾ ਚਾਹੁੰਦੇ ਸਨ ਅਪਣੀ ਇਸ ਯੋਜਨਾਂ ਵਿੱਚ

ਗਦਰੀ ਕਾਮਯਾਬ ਰਹੇ ਕਿਉਂਕਿ ਕਨੇਡਾ ਅਤੇ ਅਮਰੀਕਾ ਸਰਕਾਰ ਦੇ ਖੂਫੀਆ ਤੰਤਰ ਤੋਂ ਬਚਦੇ ਹੋਏ ਬਾਬਾ ਸੋਹਣ ਸਿੰਘ ਭਕਨਾ ਜਹਾਜ ਵਿੱਚ ਸਵਾਰ ਹੋਣ ਵਿੱਚ ਕਾਮਯਾਬ ਰਹੇ।30 ਇਹ ਜਹਾਜ ਦੇ ਵਾਪਸ ਜਾਣ ਕਾਰਣ ਭਾਰਤੀਆਂ ਦੇ ਹੋਏ ਇਸ ਅਪਮਾਨ ਦੀ ਚਰਚਾ ਵਿਦੇਸ਼ਾਂ ਵਿੱਚ ਵੱਸਣ ਵਾਲੇ ਸਾਰੇ ਭਾਰਤੀਆਂ ਦੀ ਜੁਬਾਨ ਤੇ ਸੀ।31 ਕੀਤਾ ਕਾਮਾਗਾਟਾਮਾਰੂ ਜਹਾਜ ਦੇ ਮੁਸਾਫਿਰਾਂ ਦੇ ਅਪਮਾਨ ਕਰਕੇ ਭਾਰਤ ਦੀ ਅੰਗਰੇਜੀ ਸਰਕਾਰ ਪ੍ਰਤੀ ਨਫਰਤ ਦੀ ਭਾਵਨਾਂ ਜੋਰਾਂ ਤੇ ਸੀ। ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਅਪਣੀ ਹੋ ਰਹੀ ਇਸ ਦੁਰਦਸ਼ਾ ਲਈ ਭਾਰਤ ਦੀ ਅੰਗਰੇਜੀ ਸਰਕਾਰ ਨੂੰ ਜਿੰਮੇਵਾਰ ਮੰਨਦੇ ਸਨ ਅਤੇ ਨਾਲ ਹੀ ਇਹ ਸੋਚਦੇ ਸਨ ਕਿ ਜਦ ਤੱਕ ਭਾਰਤ ਨੂੰ ਅੰਗਰੇਜਾਂ ਤੋਂ ਅਜਾਦ ਨਹੀਂ ਕਰਵਾਇਆ ਜਾਂਦਾ ਉਹਨਾਂ ਦਾ ਇਸੇ ਤਰ੍ਹਾਂ ਅਪਮਾਨ ਹੁੰਦਾ ਰਹੇਗਾ। ਕਾਮਾਗਾਟਾਮਾਰੂ 30 ਸਤੰਬਰ 1914 ਨੂੰ ਕਲਕੱਤਾ ਪੁੱਜਾ ਤਾਂ ਅੰਗਰੇਜੀ ਸਰਕਾਰ ਨੇ ਗੋਲੀਆਂ ਨਾਲ ਇਸਦਾ ਸੁਵਾਗਤ ਕੀਤਾ ਜਿਸ ਵਿੱਚ 19 ਯਾਤਰੀ ਮਾਰੇ ਗਏ ਅਤੇ 200 ਦੇ ਕਰੀਬ ਨੂੰ ਫੜ੍ਹ ਕੇ ਜੇਲ ਵਿੱਚ ਬੰਦ ਕਰ ਦਿੱਤਾ ਗਿਆ।ਬਾਬਾ ਗੁਰਦਿੱਤ ਸਿੰਘ ਜਿਸਨੇ ਇਹ ਜਹਾਜ ਕਿਰਾਏ ਤੇ ਲਿਆ ਸੀ ਉਹ ਫਰਾਰ ਹੋਣ ਵਿੱਚ ਕਾਮਯਾਬ ਰਿਹਾ।32 ਕਾਮਾਗਾਟਾਮਾਰੂ ਦੇ ਪੁਲਿਸ ਵੱਲੋਂ ਗਿਰਫਤਾਰ ਕੀਤੇ ਗਏ ਯਾਤਰੀਆਂ ਤੇ ਮੁਕੱਦਮੇ ਕੀਤੇ ਗਏ। ਸਜਾ ਦੇ ਤੌਰ ਤੇ ਕਈਆਂ ਨੂੰ ਪਿੰਡਾਂ ਵਿੱਚ ਬੰਦ ਕਰ ਦਿੱਤਾ ਗਿਆ ਕੁਝ ਨੂੰ ਕਾਲੇ ਪਾਣੀ ਦੀ ਸਜਾ ਦਿੱਤੀ ਗਈ।ਮੁਕੱਦਮਿਆਂ ਦੇ ਫੈਸਲੇ ਵਜੋਂ 145 ਦੇ ਕਰੀਬ ਦੇਸ਼ ਭਗਤਾਂ ਨੂੰ ਫਾਂਸੀ ਦੀ ਸਜਾ ਦੇ ਦਿੱਤੀ ਗਈ।33 ਕਾਮਾਗਾਟਾਮਾਰੂ ਜਹਾਜ ਤੋਂ ਬਾਅਦ 29 ਅਕਤੂੱਬਰ 1914 ਨੂੰ ਇੱਕ ਹੋਰ ਤੋਸ਼ਾਮਾਰੂ ਨਾਂ ਦਾ ਜਹਾਜ ਭਾਰਤੀ ਯਾਤਰੀਆਂ ਨੂੰ ਲੈ ਕੇ ਕਲਕੱਤਾ ਪਹੁੰਚਿਆ। ਉਸ ਨਾਲ ਵੀ ਪੁਲਿਸ ਵੱਲੋਂ ਉਸੇ ਤਰ੍ਹਾਂ ਦੀ ਹਥਿਆਰਬੰਦ ਕਾਰਵਾਈ ਕੀਤੀ ਗਈ। ਕਿਉਂਕਿ ਅੰਗਰੇਜ਼ ਸਰਕਾਰ ਸੋਚ ਰਹੀ ਸੀ ਉਹਨਾਂ ਭਾਰਤ ਵਿੱਚ ਉੱਠਣ ਵਾਲੀ ਬਗਾਵਤ ਨੂੰ ਦਬਾ ਲਿਆ ਹੈ ਕਿਉਂਕਿ ਦੋਵੇਂ ਜਹਾਜਾਂ ਦੇ ਯਾਤਰੀਆਂ ਨੂੰ ਗਿਰਫਤਾਰ ਕਰ ਲਿਆ ਗਿਆ ਸੀ ਪਰ ਫੇਰ ਵੀ ਤੋਸ਼ਾਮਾਰੂ ਜਹਾਜ ਵਿੱਚੋਂ ਵੀ ਕੁਝ ਦੇਸ਼ ਭਗਤ ਬਚ ਕੇ ਨਿਕਲਣ ਵਿੱਚ ਕਾਮਯਾਬ ਰਹੇ ਸਨ ਜਿਹਨਾਂ ਵਿੱਚੋਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਬੀ.ਜੇ ਪਿੰਗਲੇ, ਪਰਮਾਨੰਦ, ਪ੍ਰਿਥਵੀ ਸਿੰਘ ਲਾਲੜੂ ਆਦਿ ਪੁਲਿਸ ਤੋਂ ਬਚਦੇ ਹੋਏ ਪੰਜਾਬ ਪਹੁੰਚਣ ਵਿੱਚ ਕਾਮਯਾਬ ਰਹੇ।34 ਅੰਗਰੇਜ਼ ਸਰਕਾਰ ਨੇ ਇਹ ਸਮਝਦੇ ਹੋਏ ਕੁਝ ਦੇਸ਼ਭਗਤਾਂ ਨੂੰ ਇਸ ਲਈ ਰਿਹਾ ਕਰ ਦਿੱਤਾ ਸੀ ਕਿ ਇਹ ਬਗਾਵਤ ਕੇਵਲ ਸਿੱਖਾਂ ਦੀ ਹੈ।ਇਸ ਲਈ ਸਿੱਖ ਧਰਮ ਨਾਲ ਸਬੰਧ ਨਾ ਰੱਖਣ ਵਾਲੇ ਦੇਸ਼ ਭਗਤਾਂ ਨੂੰ ਰਿਹਾ ਕਰ ਦਿੱਤਾ ਗਿਆ ਸੀ।

ਕਰਤਾਰ ਸਿੰਘ ਸਰਾਭਾ ਅਤੇ ਰਾਸ ਬਿਹਾਰੀ ਬੋਸ ਆਦਿ ਦੇਸ਼ ਭਗਤਾਂ ਨੇ ਪੰਜਾਬ ਪਹੁੰਚ ਕੇ ਗਦਰ ਦੀ ਯੋਜਨਾਂ ਬਣਾਈ ਜਿਸ ਅਨੁਸਾਰ 21 ਫਰਵਰੀ 1915 ਦਾ ਦਿਨ ਗਦਰ ਲਈ ਨਿਸ਼ਚਿਤ ਕੀਤਾ ਗਿਆ।ਭਾਰਤ ਵਿੱਚ ਗਦਰ ਲਈ ਯੋਜਨਾਂ ਇਹ ਸੀ ਕਿ ਇਸ ਦਿਨ ਵੱਖ ਵੱਖ ਸੈਨਿਕ ਛਾਉਣੀਆਂ ਵਿਚਲੇ ਭਾਰਤੀ ਸਿਪਾਹੀਆਂ ਨੂੰ ਅੰਗਰੇਜ਼ ਅਫਸਰਾਂ ਵਿਰੁੱਧ ਬਗਾਵਤ ਕਰਨ ਅਤੇ ਅਫਸਰਾਂ ਨੂੰ ਮਾਰਨ, ਗੋਲਾ ਬਾਰੂਦ ਤੇ ਕਬਜ਼ਾ ਕਰਨ ਅਤੇ ਇੱਕੋ ਸਮੇਂ ਲਹੌਰ, ਫਿਰੋਜ਼ਪੁਰ, ਰਾਵਲਪਿੰਡੀ ਆਦਿ ਥਾਵਾਂ ਤੇ ਬਗਾਵਤ ਕਰਨ ਦਾ ਪ੍ਰੋਗਰਾਮ ਸੀ।35 ਅੰਗਰੇਜ਼ ਸਰਕਾਰ ਇਸ ਸਮੇਂ ਪਹਿਲੇ ਵਿਸ਼ਵ ਯੁੱਧ ਵਿੱਚ ਉਲਝੀ ਹੋਈ ਸੀ ਪਰ ਫਿਰ ਵੀ ਸਰਕਾਰ ਦੇ ਖੁਫੀਆ ਤੰਤਰ ਅਤੇ ਕਿਰਪਾਲ ਸਿੰਘ ਜਿਹੇ ਗੱਦਾਰਾਂ ਨੇ ਕਰਤਾਰ ਸਿੰਘ ਸਰਾਭੇ ਅਤੇ ਰਾਸ ਬਿਹਾਰੀ ਬੋਸ ਦੇ ਯਤਨਾਂ ਨੂੰ ਮੁਖਬਰੀ ਕਰਕੇ ਅਸਫਲ ਬਣਾ ਦਿੱਤਾ ਸੀ। ਕਿਰਪਾਲ ਸਿੰਘ ਨੇ ਗਦਰ ਦੀ ਸਾਰੀ ਯੋਜਨਾਂ ਦੀ ਜਾਣਕਾਰੀ ਅੰਗਰੇਜ਼ ਸਰਕਾਰ ਨੂੰ ਦੇ ਦਿੱਤੀ ਸੀ, ਸਰਕਾਰ ਨੇ ਇਸ ਨੂੰ ਦਬਾਉਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ।ਗਦਰੀਆਂ ਨੇ ਅਪਣੀ ਯੋਜਨਾਂ ਨੂੰ ਸਫਲ ਬਣਾਉਣ ਲਈ ਵਿਦਰੋਹ ਦੀ ਤਰੀਕ 21 ਫਰਵਰੀ ਦੀ ਥਾਂ 19 ਫਰਵਰੀ ਕਰ ਦਿੱਤਾ ਸੀ। ਪਰ ਇਸ ਸਬੰਧੀ ਜਾਣਕਾਰੀ ਸਾਰੇ ਕ੍ਰਾਂਤੀਕਾਰੀਆਂ ਤੱਕ ਨਹੀਂ ਪਹੁੰਚਾਈ ਜਾ ਸਕੀ। ਲਹੌਰ ਵਿੱਚ ਵਿਦਰੋਹ ਹੋਣਾ ਯੋਜਨਾ ਅਨੁਸਾਰ ਦੂਸਰੇ ਕ੍ਰਾਂਤੀਕਾਰੀਆਂ ਲਈ ਬਗਾਵਤ ਦੇ ਸ਼ੁਰੂ ਹੋਣ ਦਾ ਸੰਕੇਤ ਨਿਸ਼ਚਿਤ ਕੀਤਾ ਗਿਆ ਸੀ। ਪਰ ਅਜਿਹਾ ਨਾ ਹੋ ਸਕਿਆ ਕਿਉਂਕਿ ਕਿਰਪਾਲ ਸਿੰਘ ਦੀ ਗੱਦਾਰੀ ਕਾਰਣ ਸਰਕਾਰ ਗਦਰੀਆਂ ਦੀ ਸਾਰੀ ਯੋਜਨਾਂ ਜਾਣ ਚੁੱਕੀ ਸੀ ਅਤੇ ਬਹੁਤ ਸਾਰੇ ਗਦਰੀਆਂ ਨੂੰ ਗਿਰਫਤਾਰ ਕਰ ਲਿਆ ਗਿਆ ਸੀ।

## ਹਵਾਲੇ ਅਤੇ ਟਿੱਪਣੀਆਂ


1. ਹੰਸ ਸਰਵਰ, ਪੰਨ। 94
2. ਬਿਕਰਮ ਸਿੰਘ ਘੁੰਮਣ, ਗਦਰੀ ਬਾਬਾ ਵਿਸਾਖਾ ਸਿੰਘ, ਪੰਜਾਬੀ ਅਧਿਆਪਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982, ਪੰਨਾ 31
3. ਬਿਕਰਮ ਸਿੰਘ ਘੁੰਮਣ, ੳਪਰੋਕਤ, ਪੰਨਾ 28
4. ਗਿਆਨੀ ਲਾਭ ਸਿੰਘ, ਪੰਜਾਬ ਦੀ ਵੀਰ ਪਰੰਪਰਾ, ਪੰਜਾਬੀ ਯੂਨੀਵਰਸਿਟੀ ਪਟਿਆਲਾ,1971, ਪੰਨਾ, 193
5. ਬਿਕਰਮ ਸਿੰਘ ਘੁੰਮਣ, ਉਪਰੋਕਤ, ਪੰਨਾ 36
6. ਉਪਰੋਕਤ
7. ਗਿਆਨੀ ਲਾਭ ਸਿੰਘ, ਉਹੀ, ਪੰਨਾ 197
8. ਬਿਕਰਮ ਸਿੰਘ ਘੁੰਮਣ, ਪੰਨਾ ਨੰ. 36,
9. ਗਿਆਨੀ ਲਾਭ ਸਿੰਘ, ਉਹੀ, ਪੰਨਾ 76
10. ਬਿਕਰਮ ਸਿੰਘ ਘੁੰਮਣ, ਉਹੀ, ਪੰਨਾ 39
11. ੳਪਰੋਕਤ, ਪੰਨਾ,57
12. ੳਪਰੋਕਤ, ਪੰਨਾ,58
13. ੳਪਰੋਕਤ, ਪੰਨਾ 51
14. ੳਪਰੋਕਤ ਪੰਨਾ, 57
15. ਬੀ ਬੀ ਮਾਜੂਮਦਾਰ, ਇੰਡੀਅਨ ਪੋਲੀਟੀਕਲ ਐਸੋਸ਼ੀਏਸਨ ਐਂਡ ਰਿਫਾਰਮ ਆਫ ਲੈਜਿਸਲੇਸਨ, ਪੰਨਾ 313
16. ਗਿਆਨੀ ਲਾਲ ਸਿੰਘ, ਉਹੀ, ਪੰਨਾ 194,

17. ਆਰ.ਸੀ. ਮਜੁਮਦਾਰ, ਹਿਸਟਰੀ ਆਫ ਫਰੀਡਮ ਮੂਵਮੈਂਟ ਇਨ ਇੰਡੀਆ, ਦਿੱਲੀ, ਜਿਲਦ੍ਜ਼ਜ਼, ਪੰਨਾ,335
18. ਸੇਡੀਸਨ ਕਮੇਟੀ ਰਿਪੋਰਟ, 1918
19. ਲਾਰਡ ਹਾਰਡਿੰਗ (ਆਫ ਪੇਨਸਰਟ) ਮਾਈ ਇੰਡੀਅਨ ਆਰਜ਼ 1910, ਲੰਡਨ, ਪੰਨਾ-116
20. ਡਾ.ਏ.ਸੀ, ਅਰੋੜਾ(ਸੰਪਾਦਕ) ਪੰਜਾਬ ਦੀਆ ਲੋਕ ਲ਼ਹਿਰਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1989, ਪੰਨਾ, 86
21. ਗਿਆਨੀ ਹੀਰਾ ਸਿੰਘ ਦਰਦ, ਗਦਰ ਲਹਿਰ ਦੀ ਲਹੂ ਰੰਗੀ ਕਹਾਣੀ, ਯੂਨੀਸਟਾਰ ਪਬਲਿਕੇਸ਼ਨ,
22. ਚੰਡੀਗੜ੍ਹ,2016 ਪੰਨਾ 15
23. ਡਾ. ਹਰਬੰਸ ਸਿੰਘ ਲਿਟ., ਗਦਰ ਲਹਿਰ, ਦਿੱਲੀ, 2017 ਪੰਨਾ 80
24. ਓਪਰੋਕਤ ਪੰਨਾ 88
25. ਓਪਰੋਕਤ ਪੰਨਾ 81
26. ਜਗਜੀਤ ਸਿੰਘ, ਗਦਰ ਲਹਿਰ, ਦਿੱਲੀ, ਪੰਨਾ 62
27. ਗਿਆਨੀ ਹੀਰਾ ਸਿੰਘ ਦਰਦ, ਉਹੀ, ਪੰਨਾ 28
28. ਓਪਰੋਕਤ, ਪੰਨਾ 33
29. ਡਾ. ਹਰਬੰਸ ਸਿੰਘ ਲਿਟ., ਉਹੀ ਪੰਨਾ 83
30. ਨਿਊਯਾਰਕ ਟਾਈਮਜ, 20 ਜੁਲਾਈ 1914, ਪੰਨਾ 3, ਕਾਲਮ-3, ਹੋਮ (ਪੋਲੀਟੀਕਲ), ਨਵੰਬਰ
31. ਜਗਜੀਤ ਸਿੰਘ, ਗਦਰ ਲਹਿਰ, ਦਿੱਲੀ, ਪੰਨਾ 72-73
32. ਹਰੀਸ਼ ਕੇ.ਪੁਰੀ, ਗਦਰ ਲਹਿਰ, ਅੰਮ੍ਰਿਤਸਰ, 2006, ਪੰਨਾ 87
33. ਹਰੀਸ਼ ਕੇ.ਪੁਰੀ, ਓਪਰੋਕਤ ਪੰਨਾ 92
34. ਜਗਜੀਤ ਸਿੰਘ, ਉਹੀ, ਪੰਨਾ 73
35. ਗਿਆਨੀ ਹੀਰਾ ਸਿੰਘ ਦਰਦ, ਉਹੀ, ਪੰਨਾ 20-21
36. ਡਾ. ਹਰਬੰਸ ਸਿੰਘ ਲਿਟ., ਉਹੀ ਪੰਨਾ 84